# ਅ.ਗਾਂਥੀਓਫ੍ਰੀਂ AZATHIOPRINE [AZ-A-THIGH-O-PREEN]

- ਇਸ ਨੂੰ ਇਮੂਰਾਨ, ਟੇਵਾ-ਏਜ਼ੀਥੋਪ੍ਰੀਨ, ਐਪੋਥੀਓਪ੍ਰੀਨ ਵਜੋਂ ਵੀ ਜਾਣਿਆ ਜਾਂਦਾ ਹੈ।
- ਇਸ ਦੀਆਂ ਗੋਲੀਆਂ ਮਿਲਦੀਆਂ ਹਨ ਜਾਂ ਫਾਰਮੇਸੀ ਵੱਲੋਂ ਖ਼ਾਸ ਤੌਰ ਤੇ ਤਿਆਰ ਕੀਤਾ ਘੋਲ ਵੀ ਮਿਲਦਾ ਹੈ

## ਇਹ ਦਵਾਈ ਕਿਹੋ ਜਿਹੀ ਨਜ਼ਰ ਆਉਂਦੀ ਹੈ? What does the medication look like?

ਇਸ ਦਵਾਈ ਦੇ ਕਈ ਬਰਾਂਡ ਹਨ ਤੁਹਾਡੀ ਦਵਾਈ ਸ਼ਾਇਦ ਬਿਲਕੁਲ ਹੇਠਾਂ ਦਿਖਾਏ ਚਿੱਤਰ ਵਾਂਗ ਦਿਖਾਈ ਨਾ ਦੇਵੇ। ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ ਤਾਂ ਆਪਣੇ ਟ੍ਰਾਂਸਪਲਾਂਟ ਵਾਲੇ ਫਾਰਮਾਸਿਸਟ ਨੂੰ ਪੁੱਛੋ।

| | |
|---|---|
| **ਐਜ਼ਾਥੀਓਪ੍ਰੀਨ 50 ਮਿ.ਗ੍ਰਾਮ**<br>**ਹਲਕੇ ਪੀਲੇ ਰੰਗ ਦੀ ਗੋਲੀ**<br><br> | **ਚਿੱਟੀ ਗੋਲੀ**<br><br> |

## ਇਹ ਦਵਾਈ ਕਿਸ ਲਈ ਹੈ? What is this medication for?

ਐਜ਼ੀਥੀਓਪ੍ਰੀਨ ਦਵਾਈ ਤੁਹਾਡੇ ਸਰੀਰ ਦੇ ਇਮਿਊਨ ਸਿਸਟਮ ਨੂੰ ਕਮਜ਼ੋਰ ਕਰਦੀ ਹੈ ਤਾਂ ਕਿ ਤੁਹਾਡੇ ਬਦਲੇ ਹੋਏ ਅੰਗ ਨੂੰ ਰੱਦ ਕੀਤੇ ਜਾਣ ਨੂੰ ਰੋਕਿਆ ਜਾ ਸਕੇ। ਇਹ ਤੁਹਾਡੇ ਖ਼ੂਨ ਦੇ ਸੈੱਲਾਂ ਨੂੰ ਕਮਜ਼ੋਰ ਕਰਦੀ ਹੈ ਤਾਂ ਕਿ ਉਹ ਨਵੇਂ ਅੰਗ ਨੂੰ ਨੁਕਸਾਨ ਨਾ ਪਹੁੰਚਾ ਸਕਣ।

## ਮੈਂ ਇਹ ਦਵਾਈ ਕਿਵੇਂ ਲਵਾਂ? How should I take this medication?

ਇਹ ਬੜਾ ਮਹੱਤਵਪੂਰਨ ਹੈ ਕਿ ਦਵਾਈ ਰੋਜ਼ ਇੱਕੋ ਸਮੇਂ ਤੇ ਹੀ ਲਈ ਜਾਏ ਤਾਂ ਕਿ ਸਰੀਰ ਵਿਚ ਦਵਾਈ ਦਾ ਸਤਰ ਇਕਸਾਰ ਬਣਿਆ ਰਹੇ।

| | |
|---|---|
| ਐਜ਼ਾਥੀਓਪ੍ਰੀਨ ਲਈ: ਇਹ ਦਵਾਈ ਦਿਨ ਵਿਚ **ਇੱਕ ਵਾਰ** ਲਵੋ (ਮਿਸਾਲ ਲਈ ਰੋਜ਼ 9 ਵਜੇ ਸੁਭਾ) | ਤੁਹਾਡੀ ਦਵਾਈ ਦਾ ਟਾਈਮ: ______________________________ |

- ਐਜ਼ਾਥੀਓਪ੍ਰੀਨ ਨੂੰ **ਖਾਣੇ ਦੇ ਨਾਲ ਜਾਂ ਬਿਨਾ ਖਾਣੇ** ਦੇ ਲਵੋ। **ਖਾਣੇ ਦੇ ਨਾਲ ਲੈਣ ਨਾਲ** ਪੇਟ ਵਿਚ ਗੜ ਬੜ ਘਟ ਹੁੰਦੀ ਹੈ, ਪਰ ਜੇ ਚਾਹੋ ਤਾਂ ਖਾਲੀ ਪੇਟ ਵੀ ਲੈ ਸਕਦੇ ਹੋ। ਇੱਕ ਸਾਰ ਰਹੋ ਜੇ ਖਾਣੇ ਦੇ ਨਾਲ ਲੈਂਦੇ ਹੋ ਤਾਂ ਹਮੇਸ਼ਾ ਖਾਣੇ ਦੇ ਨਾਲ ਹੀ ਲਵੋ, ਜੇ ਖਾਲੀ ਪੇਟ ਲੈਂਦੇ ਹੋ ਤਾਂ ਹਮੇਸ਼ਾ ਖਾਲੀ ਪੇਟ ਹੀ ਲਵੋ।
- ਬਲੱਡ ਪ੍ਰੈਸ਼ਰ ਦੀਆਂ ਦਵਾਈਆਂ ACE ਇਨਹਿਬਟਰਜ਼ ਜਿਵੇਂ ਕਿ: ਬੈਂਜ਼ੇਪਰਿਲ (ਲੋਟੇਨਸਿਨ), ਕੈਪਟੋਪਰਿਲ (ਕੈਪੋਟੈਨ), ਐਨਲਾਪਰਿਲ (ਵੈਸੋਟੈਕ), ਫੋਪਸੀਨੋਪਰਿਲ (ਮੋਨੋਪਰਿਲ), ਲਿਸਨੋਪਰਿਲ (ਜ਼ੈਸਟਰਿਲ, ਪਰਿਨੀਵਿਲ), ਕੁਇਨਾਪਰਿਲ (ਅਕਿਊਪਰਿਲ), ਰਮੀਪਰਿਲ (ਅਲਟੈਕ), ਟ੍ਰਾਂਡੋਲਾਪਰਿਲ (ਮਵਿਕ), ਪੇਰਿੰਦੋਪਰਿਲ ( ਕੋਵਰਸਲੀ) ਜਦੋਂ ਤੁਸੀਂ ਐਜ਼ਾਥੀਓਪ੍ਰੀਨ ਨਾਲ ਲੈਂਦੇ ਹੋ ਤਾਂ ਇਹ ਖ਼ੂਨ ਦੇ ਚਿੱਟੇ ਅਤੇ ਲਾਲ ਸੈੱਲਾਂ ਨੂੰ ਘਟਾਉਂਦੀਆਂ ਹਨ।
  **ਟ੍ਰਾਂਸਪਲਾਂਟ ਟੀਮ ਨੂੰ ਜ਼ਰੂਰ ਦੱਸੋ ਜੇ ਕਰ ਇਨ੍ਹਾਂ ਵਿਚੋਂ ਕੋਈ ਦਵਾਈ ਸ਼ੁਰੂ ਕਰਦੇ ਹੋ ਕਿਉਂਕਿ ਫਿਰ ਖ਼ੂਨ ਦੀ ਜ਼ਿਆਦਾ ਨਿਗਰਾਨੀ ਚਾਹੀਦੀ ਹੋਵੇਗੀ।**
- ਜੇ ਕਰ ਤੁਹਾਨੂੰ ਕਿਸੇ ਪ੍ਰਕਿਰਿਆ ਜਾਂ ਓਪਰੇਸ਼ਨ ਲਈ ਖਾਲੀ ਪੇਟ ਜਾਣ ਦੀ ਜ਼ਰੂਰਤ ਹੋਵੇ ਤਾਂ ਵੀ ਤੁਸੀਂ ਆਪਣੀ ਟ੍ਰਾਂਸਪਲਾਂਟ ਵਾਲੀ ਦਵਾਈ ਨਿਸ਼ਚਿਤ ਸਮੇਂ ਤੇ ਪਾਣੀ ਦੇ ਘੁੱਟ ਨਾਲ **ਜ਼ਰੂਰ** ਲੈ ਲਵੋ।
- **ਜਦੋਂ ਐਜ਼ਾਥੀਓਪ੍ਰੀਨ ਲੈ ਰਹੇ ਹੋਵੋ ਤਾਂ ਗਠੀਏ ਦੀ ਕੋਈ ਵੀ ਦਵਾਈ ਜਿਵੇਂ ਐਲੋਪੁਰੀਨੋਲ (ਜ਼ਾਈਲੋਪਰਿਮ) ਅਤੇ ਫੀਬਕਸੋਸਟੈਟ (ਉਲੋਰਿਕ) ਨਾ ਲਵੋ, ਇਸ ਨਾਲ ਬਹੁਤ ਗੰਭੀਰ ਬੁਰੇ ਪ੍ਰਭਾਵ ਹੋ ਸਕਦੇ ਹਨ! ਆਪਣੇ ਟ੍ਰਾਂਸਪਲਾਂਟ ਫਾਰਮਾਸਿਸਟ ਨੂੰ ਸੰਪਰਕ ਕਰੋ।**

***ਯਾਦ ਰੱਖੋ:*** *ਜੇ ਤੁਸੀਂ ਗਰਭਵਤੀ ਹੋ ਜਾਂ ਗਰਭ ਧਾਰਨ ਕਰਨ ਦੀ ਸੋਚ ਰਹੇ ਹੋ ਤਾਂ ਆਪਣੇ ਡਾਕਟਰ ਜਾਂ ਟ੍ਰਾਂਸਪਲਾਂਟ ਟੀਮ ਨਾਲ ਜਿੰਨੀ ਜਲਦੀ ਹੋ ਸਕੇ ਗਲ ਬਾਤ ਕਰੋ।*

## **ਖ਼ੁਰਾਕ ਭੁੱਲ ਗਏ ਜਾਂ ਖ਼ੁਰਾਕ ਉਲਟੀ ਕਰ ਦਿੱਤੀ: Missed Dose or Vomited Dose:**

**ਜੇ ਤੁਸੀਂ ਦਵਾਈ ਦੀ ਖ਼ੁਰਾਕ ਲੈਣੀ ਭੁੱਲ ਜਾਓ** ਤਾਂ ਜਦੋਂ ਯਾਦ ਆਵੇ ਲੈ ਲਵੋ ਅਤੇ ਅਗਲੀ ਖ਼ੁਰਾਕ ਆਪਣੇ ਨਿਸ਼ਚਿਤ ਸਮੇਂ ਤੇ ਲੈ ਲਵੋ। ਪਰ ਜੇ ਸਮਾਂ 12 ਘੰਟਿਆਂ ਤੋਂ ਜ਼ਿਆਦਾ ਹੋ ਗਿਆ ਹੈ ਤਾਂ ਇਹ ਖ਼ੁਰਾਕ ਰਹਿਣ ਦਿਓ ਅਤੇ ਅਗਲੀ ਖ਼ੁਰਾਕ ਹੀ ਟਾਈਮ ਸਿਰ ਲਵੋ। ਕਦੀ ਵੀ ਦੁਗਣੀ ਖ਼ੁਰਾਕ ਜਾਂ ਇੱਕ ਫਾਲਤੂ ਖ਼ੁਰਾਕ ਨਾ ਲਵੋ।

ਜੇ ਤੁਸੀਂ ਐਂਟੀ-ਰਿਜੈਕਸ਼ਨ ਦਵਾਈਆਂ **1 ਦਿਨ ਤੋਂ ਜ਼ਿਆਦਾ ਸਮੇਂ ਲਈ** ਭੁੱਲ ਜਾਓ ਤਾਂ ਅਗਲੇ ਨਿਰਦੇਸ਼ਾਂ ਲਈ ਆਪਣੀ ਟ੍ਰਾਂਸਪਲਾਂਟ ਟੀਮ ਨੂੰ ਸੰਪਰਕ ਕਰੋ।

ਜੇ ਦਵਾਈ ਲੈਣ ਦੇ 30 ਮਿੰਟਾਂ ਅੰਦਰ **ਉਲਟੀ ਕਰ ਦਿਓ** ਜਾਂ ਜੇ ਤੁਸੀਂ ਕੁੱਝ ਦਵਾਈ ਉਲਟੀ ਨਾਲ ਬਾਹਰ ਆਉਂਦੀ ਵੇਖੋ ਤਾਂ ਖ਼ੁਰਾਕ ਦੁਬਾਰਾ ਲਵੋ। ਨਹੀਂ ਤਾਂ ਅਗਲੀ ਖ਼ੁਰਾਕ ਸਮੇਂ ਸਿਰ ਲਵੋ।

## **ਇਸ ਦਵਾਈ ਦੇ ਸੰਭਾਵਿਤ ਬੁਰੇ ਪ੍ਰਭਾਵ ਕੀ ਹਨ? What are some possible side effects of this medication?**

| *ਬੁਰੇ ਪ੍ਰਭਾਵ Side Effect* | **ਇਲਾਜ Management** |
|---|---|
| ***ਦਿਲ ਵਿਚ ਜਲਨ, ਦਿਲ ਕੱਚਾ ਹੋਣਾ, ਉਲਟੀਆਂ ਅਤੇ ਦਸਤ*** | ਜੇ ਤੁਹਾਡਾ ਪੇਟ ਖ਼ਰਾਬ ਰਹਿੰਦਾ ਹੈ ਤਾਂ ਐਜ਼ਾਥੀਓਪ੍ਰੀਨ ਨੂੰ ਖਾਣੇ ਦੇ ਨਾਲ ਖਾਓ। ਐਸਾ ਲਗਾਤਾਰ ਕਰਨ ਨਾਲ ਸਮੱਸਿਆ ਦੂਰ ਹੋਵੇਗੀ। ਜੇ ਸਮੱਸਿਆ ਜ਼ਿਆਦਾ ਦੁਖਦਾਈ ਹੋ ਜਾਏ ਤਾਂ ਆਪਣੇ ਡਾਕਟਰ ਜਾਂ ਟ੍ਰਾਂਸਪਲਾਂਟ ਟੀਮ ਨੂੰ ਦੱਸੋ। |
| ***ਐਜ਼ਾਥੀਓਪ੍ਰੀਨ ਤੁਹਾਡੇ ਖ਼ੂਨ ਵਿਚ ਚਿੱਟੇ ਸੈੱਲਾਂ, ਲਾਲ ਸੈੱਲਾਂ ਅਤੇ ਪਲੇਟਲੈਟਸ ਨੂੰ ਘਟਾਅ ਸਕਦੀ ਹੈ***<br><br>***ਤੁਹਾਨੂੰ ਇਨਫੈਕਸ਼ਨ ਹੋਣ ਦਾ ਅਤੇ ਖ਼ੂਨ ਵਗਣ ਦਾ ਜ਼ਿਆਦਾ ਖ਼ਤਰਾ ਹੋ ਸਕਦਾ ਹੈ*** | ਤੁਹਾਡੇ ਖ਼ੂਨ ਦੇ ਸੈੱਲਾਂ ਦੀ ਗਿਣਤੀ ਚੈੱਕ ਕਰਨ ਲਈ ਤੁਹਾਡੇ ਖ਼ੂਨ ਦੀ ਰੈਗੂਲਰ ਜਾਂਚ ਕੀਤੀ ਜਾਏਗੀ।<br>ਜੇ ਇਨ੍ਹਾਂ ਵਿਚੋਂ ਕੋਈ ਲੱਛਣ ਹੈ ਤਾਂ ਆਪਣੇ ਡਾਕਟਰ ਨੂੰ ਦੱਸੋ:<br><br>• ਇਨਫ਼ੈਕਸ਼ਨ ਦੀਆਂ ਨਿਸ਼ਾਨੀਆਂ ਜਾਂ ਲੱਛਣ (ਬੁਖ਼ਾਰ ਜਾਂ ਠੰਢ, ਖਾਂਸੀ, ਗਲੇ ਵਿਚ ਖ਼ਾਰਸ਼ ਜਾਂ ਦਰਦ, ਪਿਸ਼ਾਬ ਕਰਨ ਵਿਚ ਤਕਲੀਫ਼)<br>• ਖ਼ੂਨ ਵੱਗਣ ਦੀਆਂ ਨਿਸ਼ਾਨੀਆਂ (ਰਗੜਾਂ, ਕਾਲੀ ਟੱਟੀ, ਉਲਟੀ ਵਿਚ ਖ਼ੂਨ ਜਾਂ ਪਿਸ਼ਾਬ ਵਿਚ ਖ਼ੂਨ ਆਉਣਾ)<br>• ਖ਼ੂਨ ਵਿਚ ਸੈੱਲਾਂ ਦੀ ਕਮੀ ਦੀਆਂ ਨਿਸ਼ਾਨੀਆਂ (ਕਮਜ਼ੋਰੀ ਜਾਂ ਥਕਾਵਟ, ਬੇਹੋਸ਼ੀ ਹੋਣੀ, ਸਿਰ ਹਲਕਾ ਹੋਣਾ)<br><br>ਜਿਨ੍ਹਾਂ ਲੋਕਾਂ ਨੂੰ ਇਨਫ਼ੈਕਸ਼ਨ (ਠੰਢ/ਫਲੂ) ਹੈ ਉਨ੍ਹਾਂ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰੋ। ਬਾਰ ਬਾਰ ਹੱਥ ਧੋਵੋ। |
| ***ਜਿਗਰ ਨੂੰ ਨੁਕਸਾਨ*** | ਇਹ ਬੁਰਾ ਪ੍ਰਭਾਵ ਬਹੁਤ ਅਸਾਧਾਰਨ ਹੈ।<br><br>ਜੇ ਤੁਹਾਡੀ ਚਮੜੀ ਜਾਂ ਅੱਖਾਂ ਦਾ ਰੰਗ ਪੀਲਾ ਹੈ ਜਾਂ ਪੇਟ ਵਿਚ ਦਰਦ ਹੁੰਦੀ ਹੈ ਤਾਂ ਆਪਣੇ ਡਾਕਟਰ ਨੂੰ ਦੱਸੋ। ਤੁਹਾਡੇ ਜਿਗਰ ਦੇ ਫ਼ੰਕਸ਼ਨ ਨੂੰ ਚੈੱਕ ਕਰਨ ਲਈ ਤੁਹਾਡੇ ਖ਼ੂਨ ਦੀ ਜਾਂਚ ਕੀਤੀ ਜਾਏਗੀ। |
| ***ਵਾਲ ਝੜਣੇ*** | ਇਹ ਬੁਰਾ ਪ੍ਰਭਾਵ ਬਹੁਤ ਅਸਾਧਾਰਨ ਹੈ। ਆਪਣੇ ਡਾਕਟਰ ਨੂੰ ਦੱਸੋ ਜੇ ਇਹ ਜ਼ਿਆਦਾ ਪਰੇਸ਼ਾਨੀ ਵਾਲਾ ਹੈ ਜਾਂ ਲਗਾਤਾਰ ਹੋ ਰਿਹਾ ਹੈ। |
| ***ਕੈਂਸਰ*** | ਇਸ ਦਵਾਈ ਨਾਲ ਤੁਹਾਨੂੰ ਚਮੜੀ ਦੇ ਅਤੇ ਹੋਰ ਕੈਂਸਰ ਹੋਣ ਦੇ ਚਾਂਸ ਵਧ ਸਕਦੇ ਹਨ। ਜੇ ਤੁਹਾਡੇ ਵਿਚ ਕੈਂਸਰ ਦੀ ਪਹਿਚਾਣ ਹੁੰਦੀ ਹੈ ਤਾਂ ਆਪਣੀ ਟ੍ਰਾਂਸਪਲਾਂਟ ਟੀਮ ਨੂੰ ਦੱਸੋ। ਹੋਰ ਜ਼ਿਆਦਾ ਜਾਣਕਾਰੀ ਲਈ “ਕੈਂਸਰ ਰਿਸਕ” ਵਾਲਾ ਸੈਕਸ਼ਨ ਦੇਖੋ। |